**ਦਫਤਰ ਜ਼ਿਲ੍ਹਾ ਮੈਜਿਸਟਰੇਟ, ਸਾਹਿਬਜ਼ਾਦਾ ਅਜੀਤ ਸਿੰਘ ਨਗਰ।**

**(ਫੁਟਕਲ ਸ਼ਾਖਾ)**

**ਫੌਜ਼ਦਾਰੀ ਧਾਰਾ 144 ਅਧੀਨ ਹੁਕਮ**

ਲੋਕ ਸਭਾ ਚੋਣਾਂ-2019 ਪੰਜਾਬ ਰਾਜ ਵਿੱਚ ਮਿਤੀ 19/05/2019 ਨੂੰ ਹੋਣੀਆਂ ਨਿਯਤ ਹੋਈਆ ਹਨ ਅਤੇ ਇਨ੍ਹਾਂ ਵੋਟਾ ਦੀ ਗਿਣਤੀ ਮਿਤੀ 23/05/2019 ਨੂੰ ਹੋਣੀ ਹੈ। ਇਸ ਦਫਤਰ ਵੱਲੋਂ ਹੁਕਮ ਨੰਬਰ: 4202-4260/ਐਮ.ਸੀ-1 ਮਿਤੀ: 11/03/2018 ਰਾਹੀਂ ਅਮਨ ਤੇ ਕਾਨੂੰਨ ਨੂੰ ਕਾਇਮ ਰੱਖਣ, ਲੋਕ ਹਿਤ ਵਿੱਚ ਸ਼ਾਂਤੀ ਬਰਕਰਾਰ ਰੱਖਣ ਲਈ ਅਗਨ ਸ਼ਾਸ਼ਤਰ, ਅਸਲਾ, ਵਿਸਫੋਟਕ, ਜਲਨਸ਼ੀਲ ਵਸਤਾਂ, ਤੇਜ ਧਾਰ ਹਥਿਆਰ ਜਿਵੇਂ ਕਿ ਟਾਕੂਏ, ਬਰਛੇ, ਤ੍ਰਿਸੂਲ ਆਦਿ ਸ਼ਾਮਲ ਹਨ ਨੂੰ ਚੁੱਕਣ ਅਤੇ ਅਸਲਾ ਪੁਲਿਸ ਸਟੇਸ਼ਨਾਂ, ਅਧਿਕਾਰਤ ਅਸਲਾ ਡੀਲਰਾ ਪਾਸ ਤੁਰੰਤ ਜਮ੍ਹਾਂ ਕਰਵਾਉਣ ਦੇ ਹੁਕਮ ਕੀਤੇ ਸਨ।

ਇਸ ਲਈ ਮੈਂ ਗੁਰਪ੍ਰੀਤ ਕੌਰ ਸਪਰਾ, ਆਈ.ਏ.ਐਸ. ਜ਼ਿਲ੍ਹਾ ਮੈਜਿਸਟਰੇਟ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਇਨ੍ਹਾਂ ਹੁਕਮਾ ਵਿੱਚ ਸੋਧ ਕਰਦੇ ਹੋਏ ਇਹ ਹੁਕਮ ਜਾਰੀ ਕਰਦੀ ਹਾਂ ਕਿ ਅਸਲਾ ਜਮ੍ਹਾਂ ਕਰਵਾਉਣ ਦੇ ਹੁਕਮ ਬੈਂਕਾ ਵਿੱਚ ਗਾਰਡ ਦੀ ਨੌਕਰੀ ਕਰਦੇ ਵਿਅਕਤੀਆ ਅਤੇ ਕਰੰਸੀ ਲੈ ਕੇ ਜਾਣ ਵਾਲੇ ਵਹੀਕਲਾ ਨਾਲ ਜਾਣ ਵਾਲੇ ਗਾਰਡਾ ਤੇ ਲਾਗੂ ਨਹੀਂ ਹੋਵੇਗਾ। ਇਸ ਤੋਂ ਇਲਾਵਾ ਚੋਣ ਕਮਿਸ਼ਨ ਆਫ ਇੰਡੀਆ ਦੇ ਪੱਤਰ ਨੰਬਰ: 464/L&O/2007/PLN-1 ਮਿਤੀ: 08/01/2017 ਰਾਹੀਂ ਹਦਾਇਤਾ ਅਨੁਸਾਰ ਨੈਸ਼ਨਲ ਰਾਈਫਲ ਐਸੋਸੀਏਸ਼ਨ ਦੇ ਮੈਂਬਰਾ ਤੇ ਵੀ ਇਹ ਹੁਕਮ ਲਾਗੂ ਨਹੀਂ ਹੋਵੇਗਾ। ਬਾਕੀ ਦੀਆ ਸਾਰੀਆ ਸ਼ਰਤਾ ਪਹਿਲਾ ਜਾਰੀ ਕੀਤੇ ਗਏ ਹੁਕਮਾ ਅਨੁਸਾਰ ਹੀ ਰਹਿਣਗੀਆ।

ਇਸ ਹੁਕਮ ਦਾ ਪ੍ਰਚਾਰ ਜ਼ਿਲ੍ਹਾ ਐਸ.ਏ.ਐਸ.ਨਗਰ ਦੇ ਇਲਾਕਿਆਂ ਵਿੱਚ ਢੋਲ ਵਜਾ ਕੇ, ਜ਼ਿਲ੍ਹਾ ਲੋਕ ਸੰਪਰਕ ਅਫ਼ਸਰ, ਐਸ.ਏ.ਐਸ.ਨਗਰ ਦੀ ਪ੍ਰਚਾਰ ਵੈਨ ਅਤੇ ਸਰਕਾਰੀ ਦਫ਼ਤਰਾਂ ਦੇ ਨੋਟਿਸ ਬੋਰਡਾਂ ਤੇ ਇਸ ਹੁਕਮ ਦੀਆਂ ਕਾਪੀਆ ਚਸਪਾ ਕਰਕੇ ਰੇਡੀਓ ਟੈਲੀਵੀਜ਼ਨ, ਦੂਰਦਰਸ਼ਨ ਅਤੇ ਪ੍ਰੈਸ ਰਾਹੀਂ ਆਮ ਜਨਤਾ ਤੱਕ ਪਹੁੰਚਾਇਆ ਜਾਵੇ।

ਇਹ ਹੁਕਮ ਅੱਜ ਮਿਤੀ 13/03/2019 ਨੂੰ ਮੇਰੇ ਹਸਤਾਖ਼ਰਾਂ ਅਤੇ ਮੋਹਰ ਅਦਾਲਤ ਨਾਲ ਜਾਰੀ ਕੀਤਾ ਗਿਆ।

District Magistrate S.A.S. Nagar

ਸਹੀ/-
ਗੁਰਪ੍ਰੀਤ ਕੌਰ ਸਪਰਾ, ਆਈ.ਏ.ਐਸ,
ਜ਼ਿਲ੍ਹਾ ਮੈਜਿਸਟਰੇਟ-ਕਮ-ਜ਼ਿਲ੍ਹਾ ਚੋਣ ਅਫ਼ਸਰ,
ਸਾਹਿਬਜ਼ਾਦਾ ਅਜੀਤ ਸਿੰਘ ਨਗਰ।

ਪਿੱਠ ਅੰਕਣ ਨੰ:4448-4508ਐਮ.ਸੀ-1 ਮਿਤੀ: 13/03/2019

ਇਸ ਦਾ ਇੱਕ ਉਤਾਰਾ ਨਿਮਨ ਨੂੰ ਸੂਚਨਾ ਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਮੁੱਖ ਸਕੱਤਰ,ਪੰਜਾਬ ਸਰਕਾਰ,ਚੰਡੀਗੜ੍ਹ।
2 ਮੁੱਖ ਚੋਣ ਕਮਿਸ਼ਨਰ, ਪੰਜਾਬ, ਚੰਡੀਗੜ੍ਹ।
3. ਪ੍ਰਮੁੱਖ ਸਕੱਤਰ ਪੰਜਾਬ ਸਰਕਾਰ ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ,ਚੰਡੀਗੜ੍ਹ।
4. ਕਮਿਸ਼ਨਰ,ਰੂਪਨਗਰ ਮੰਡਲ, ਰੂਪਨਗਰ।
5. ਡੀ.ਆਈ.ਜੀ. ਰੇਜ, ਰੂਪਨਗਰ।
6. ਜਿਲਾ ਅਤੇ ਸ਼ੈਸ਼ਨ ਜੱਜ, ਰੂਪਨਗਰ।
7. ਵਧੀਕ ਜਿਲਾ ਅਤੇ ਸ਼ੈਸ਼ਨ ਜੱਜ, ਐਸ.ਏ.ਐਸ.ਨਗਰ
8. ਸੀਨੀਅਰ ਪੁਲਿਸ ਕਪਤਾਨ,ਐਸ.ਏ.ਐਸ.ਨਗਰ।
9. ਸਮੂਹ ਜਿਲਾ ਮੈਜਿਸਟਰੇਟ ਰੂਪਨਗਰ, ਫਤਹਿਗੜ੍ਹ ਸਾਹਿਬ, ਪਟਿਆਲਾ, ਸੰਗਰੂਰ, ਮਾਨਸਾ, ਲੁਧਿਆਣਾ, ਬਠਿੰਡਾ, ਫਿਰੋਜ਼ਪੁਰ, ਫਰੀਦਕੋਟ, ਮੋਗਾ, ਮੁਕਤਸਰ, ਅਮ੍ਰਿਤਸਰ, ਤਰਨ ਤਾਰਨ, ਜਲੰਧਰ, ਕਪੂਰਥਲਾ, ਹੁਸ਼ਿਆਰਪੁਰ, ਸ਼ਹੀਦ ਭਗਤ ਸਿੰਘ ਨਗਰ, ਗੁਰਦਾਸਪੁਰ, ਬਰਨਾਲਾ, ਪਠਾਨਕੋਟ, ਫਾਜ਼ਿਲਕਾ।
10. ਜਿਲਾ ਮੈਜਿਸਟਰੇਟ ਚੰਡੀਗੜ੍ਹ/ਪੰਚਕੂਲਾ
11 ਪ੍ਰਸ਼ਾਸ਼ਕ, ਮਿਊਂਸਪਲ ਕਮੇਟੀ, ਸੈਕਟਰ-68, ਸਾਹਿਬਜ਼ਾਦਾ ਅਜੀਤ ਸਿੰਘ ਨਗਰ।
12. ਉਪ ਮੰਡਲ ਮੈਜਿਸਟਰੇਟ, ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਖਰੜ, ਡੇਰਾਬਸੀ।
13 ਸਹਾਇਕ ਕਰ ਤੇ ਆਬਕਾਰੀ ਕਮਿਸ਼ਨਰ, ਸਾਹਿਬਜ਼ਾਦਾ ਅਜੀਤ ਸਿੰਘ ਨਗਰ।
14. ਸਿਵਲ ਸਰਜਨ, ਸਾਹਿਬਜ਼ਾਦਾ ਅਜੀਤ ਸਿੰਘ ਨਗਰ।
15 ਜ਼ਿਲ੍ਹਾ ਲੋਕ ਸੰਪਰਕ ਅਫ਼ਸਰ, ਸਾਹਿਬਜ਼ਾਦਾ ਅਜੀਤ ਸਿੰਘ ਨਗਰ।
16. ਜਿਲਾ ਵਿਕਾਸ ਤੇ ਪੰਚਾਇਤ ਅਫਸਰ, ਸਾਹਿਬਜ਼ਾਦਾ ਅਜੀਤ ਸਿੰਘ ਨਗਰ।
17. ਤਹਿਸੀਲਦਾਰ, ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਖਰੜ, ਡੇਰਾਬਸੀ।
18 ਤਹਿਸੀਲਦਾਰ, ਚੋਣਾਂ, ਸਾਹਿਬਜ਼ਾਦਾ ਅਜੀਤ ਸਿੰਘ ਨਗਰ।
19 ਬੀ.ਡੀ.ਪੀ.ਓ, ਮਾਜਰੀ, ਖਰੜ, ਡੇਰਾਬਸੀ।
20. ਕਾਰਜ ਸਾਧਕ ਅਫ਼ਸਰ, ਮਿਊਂਸਪਲ ਕਮੇਟੀ,ਖਰੜ, ਕੁਰਾਲੀ, ਡੇਰਾਬਸੀ, ਨਿਆ ਗਰਾਉ/ਜੀਰਕਪੁਰ/ਬਨੂੜ/ ਲਾਲੜੂ।
21. ਜ਼ਿਲ੍ਹਾ ਟਰਾਂਸਪੋਰਟ,ਅਫ਼ਸਰ, ਸਾਹਿਬਜ਼ਾਦਾ ਅਜੀਤ ਸਿੰਘ ਨਗਰ।
22. ਸਕੱਤਰ ਮਾਰਕੀਟ ਕਮੇਟੀ ਖਰੜ, ਸਾਹਿਬਜ਼ਾਦਾ ਅਜੀਤ ਸਿੰਘ ਨਗਰ,ਡੇਰਾਬਸੀ,ਕੁਰਾਲੀ।
23 ਪੀ.ਏ.ਟੂ ਡੀ.ਸੀ.ਸਟੈਨੋ ਟੂ ਏ.ਡੀ.ਸੀ. (ਜ)/ਏ.ਡੀ.ਸੀ.(ਵਿ),ਸਟੈਨੋ ਟੂ ਏ.ਸੀ.(ਜੀ), ਸਟੈਨੋ ਟੂ ਸਹਾਇਕ ਕਮਿਸ਼ਨਰ (ਸਿ), ਸਟੈਨੋ ਟੂ.ਡੀ.ਆਰ.ਓ.ਨੂੰ ਅਫ਼ਸਰ ਸਾਹਿਬਾਨ ਦੀ ਸੂਚਨਾ ਹਿੱਤ।

ਸਹਾਇਕ ਕਮਿਸ਼ਨਰ (ਜ),
ਵਾ:ਜਿਲ੍ਹਾ ਮੈਜਿਸਟਰੇਟ,
ਸਾਹਿਬਜ਼ਾਦਾ ਅਜੀਤ ਸਿੰਘ ਨਗਰ।